

# ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ

**ਡਾ. ਮਹਿਲ ਸਿੰਘ**

ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ

✆ 98722-66667

ਬੋਲ ਤੇ ਸ਼ਬਦ ਸੰਚਾਰ ਦੇ ਸਭ ਤੋਂ ਵੱਡੇ ਮਾਧਿਅਮ ਹਨ। ਇੰਨ੍ਹਾਂ ਦਾ ਹਰ ਖਿੱਤੇ ਤੇ ਸਮਾਜ ਵਿਚ ਬਹੁਤ ਵੱਡਾ ਸਮਾਜਕ ਮਹੱਤਵ ਤੇ ਮਹਾਤਮ ਹੈ। ਸ਼ਬਦਾਂ ਨਾਲ ਹੀ ਬੰਦੇ ਦੇ ਆਪਣੇ ਬੋਲਾਂ ਦਾ ਪ੍ਰਗਟਾਓ ਤੇ ਫੈਲਾਓ ਹੁੰਦਾ ਹੈ। ਹੁਣ ਬੋਲਾਂ ਤੇ ਸ਼ਬਦਾਂ ਵਿਚ ਬਹੁਤ ਸੂਖ਼ਮਤਾ ਵੀ ਆ ਗਈ ਹੈ। ਇੰਨ੍ਹਾਂ ਦੇ ਪਿੱਛੇ ਇਕ ਵਿਸ਼ੇਸ਼ ਨੀਤੀ-ਨਿਰਧਾਰਿਤ ਵਿਚਾਰਧਾਰਾਈ ਪੈਂਤੜਾ ਹੁੰਦਾ ਹੈ। ਇਹ ਬਹੁ-ਪਰਤੀ ਤੇ ਬਹੁ-ਅਰਥੀ ਹੁੰਦੇ ਹਨ। ਇੰਨ੍ਹਾਂ ਦੀਆਂ ਆਪਣੀਆਂ ਵਿਸ਼ੇਸ਼ ਰਮਜਾਂ ਹਨ। ਸ਼ਬਦੀ ਬੋਲ ਜਾਂ ਬਿਰਤਾਂਤ ਸੁੱਤੇ-ਸਿਧ ਪੈਦਾ ਨਹੀਂ ਹੁੰਦੇ ਸਗੋਂ ਇਸ ਵਿਚ ਬੰਦੇ ਦਾ ਚੇਤਨ, ਅਰਧ-ਚੇਤਨ ਤੇ ਅਵਚੇਤਨ ਮਨ ਸ਼ਾਮਿਲ ਹੁੰਦਾ ਹੈ। ਸ਼ਬਦ ਸਾਡੀ ਸੋਚ ਤੇ ਮਾਨਸਿਕਤਾ ਦਾ ਪ੍ਰਗਟਾ ਹੁੰਦੇ ਹਨ। ਮਨੁੱਖਤਾ ਦਾ ਸਾਰਾ ਕਾਰ-ਵਿਹਾਰ ਸ਼ਬਦ-ਬੋਲ ਦੇ ਆਸਰੇ ਚਲਦਾ ਹੈ। ਹਰ ਬੋਲ, ਸ਼ਬਦ, ਤਕਨੀਕ ਤੇ ਵਿਚਾਰ ਦਾ ਕੋਈ ਮੰਤਵ ਹੁੰਦਾ ਹੈ। ਇਹ ਮਕਸਦ ਤੇ ਹਾਲਾਤ ਦੇ ਗੇੜ ਵਿਚ ਉਪਜਦੇ ਹਨ। ਸ਼ਬਦ-ਸਿਰਜਣਾ ਸਮਾਜ-ਇਤਿਹਾਸ ਤੋਂ ਪ੍ਰੇਰਿਤ ਵੀ ਹੁੰਦੀ ਹੈ ਅਤੇ ਇਹ ਸਮਾਜ ਨੂੰ ਪ੍ਰਭਾਵਿਤ ਵੀ ਕਰਦੀ ਹੈ। ਸਮਾਜ ਇਕ ਚਲਦਾ/ਵਗਦਾ ਪ੍ਰਵਾਹ ਹੈ। ਇਸ ਦੇ ਸਿੱਟੇ ਵਜੋਂ ਨਵੇਂ-ਨਵੇਂ ਸ਼ਬਦਾਂ, ਵਿਚਾਰਾਂ, ਬਿਰਤਾਂਤਾਂ, ਲਿਖਤਾਂ ਦਾ ਪ੍ਰਗਟਾਵਾ ਹੋਣਾ ਹੀ ਹੁੰਦਾ ਹੈ। ਇੰਨ੍ਹਾਂ ਪ੍ਰਗਟਾਵਿਆਂ ਦੀਆਂ ਰਮਜ਼ਾਂ ਤੇ ਨੀਤੀਆਂ ਨੂੰ ਹੀ ਇਥੇ ਜਾਣਨ ਤੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ।

'ਸ਼ਬਦ' ਭਾਸ਼ਾ ਦੀ ਸਭ ਤੋਂ ਛੋਟੀ ਪਰ ਅਰਥ ਪੂਰਨ ਸੁਤੰਤਰ ਇਕਾਈ ਹੈ। ਸ਼ਬਦ ਆਪਣੇ ਖਿੱਤੇ ਦੇ ਪ੍ਰਸੰਗ ਵਿਚ ਚੀਜ਼ਾਂ, ਵਸਤਾਂ, ਵਿਚਾਰਾਂ, ਭਾਵਨਾਵਾਂ, ਸੋਚਾਂ ਦਾ ਇਕ ਨਾਮਕਰਣ ਹੁੰਦਾ ਹੈ। ਇਹ ਬਣਤਰ ਵਜੋਂ ਛੋਟਾ ਹੁੰਦਾ ਹੈ ਪਰ ਅਰਥ ਵਜੋਂ ਨਹੀਂ। ਸ਼ਬਦੀ-ਬਿਰਤਾਂਤ ਤੋਂ ਭਾਵ, ਉਹ ਸ਼ਬਦ ਜੋ ਕਿਸੇ ਖਾਸ ਵਿਚਾਰ ਦੀ ਉੱਪਜ ਹੁੰਦਾ ਹੈ। ਇਸ ਪਿਛੇ ਕਿਸੇ ਵੱਡੇ ਸੰਕਲਪ ਦਾ ਵਿਸ਼ੇਸ਼ ਅਧਾਰ ਖੜ੍ਹਾ ਨਜ਼ਰ ਆਉਂਦਾ ਹੈ। ਸ਼ਬਦ ਤੇ ਬਿਰਤਾਂਤ ਦੇ ਰਲੇਵੇਂ ਨਾਲ ਅਰਥ ਹੋਰ ਵਸੀਹ ਹੋ ਜਾਂਦੇ ਹਨ। ਸ਼ਬਦੀ-ਬਿਰਤਾਂਤ ਇਕ ਤਰ੍ਹਾਂ ਨਾਲ ਛੋਟੀ ਇਕਾਈ ਪਰ ਲੰਮੀ ਜਾਂ ਵੱਡੀ ਵਿਆਖਿਆ ਦੀ ਰਮਜ਼ ਨਾਲ ਸਬੰਧਿਤ ਹੁੰਦਾ ਹੈ।

ਬਿਰਤਾਂਤ ਨੂੰ 'ਵ੍ਰਿਤਾਂਤ ਭਾਵ ਸਮਾਚਾਰ ਜਾਂ ਚਰਚਾ'[1] ਵੀ ਕਿਹਾ ਜਾਂਦਾ ਹੈ। ਬਿਰਤਾਂਤ ਲਈ ਅੰਗਰੇਜ਼ੀ ਵਿਚ ਸ਼ਬਦ 'Narrative' ਹੈ, ਜਿਸ ਦੇ ਅਰਥ ਘਟਨਾਵਾਂ ਦੇ ਸਿਲਸਿਲੇ ਵਜੋਂ ਲਏ ਜਾਂਦੇ ਹਨ।"[2] ਬਿਰਤਾਂਤ ਵਧੇਰੇ ਕਰਕੇ ਸਾਹਿਤਕ ਵਰਤਾਰਿਆਂ ਦੀ ਜੁਗਤ ਤੇ ਵਿਧੀ ਹੈ। ਇਸ ਨੂੰ ਗਲਪ ਦੇ ਵਿਸ਼ੇਸ਼ ਰੂਪ ਨਾਵਲ, ਨਾਟਕ ਤੇ ਕਹਾਣੀ ਦੇ ਪ੍ਰਸੰਗ ਵਿਚ ਜਾਣਿਆ ਜਾਂਦਾ ਹੈ। ਇਸ ਨੂੰ ਲੰਮੀ ਸਾਹਿਤਕ-ਕਮ-ਵਾਰਤਕ ਵਿਧਾ ਦੇ ਰੂਪ ਵਿਚ ਸਮਝਿਆ ਜਾਂਦਾ ਹੈ। ਬਿਰਤਾਂਤ ਤੋਂ ਭਾਵ ਕਿਸੇ ਖਿਆਲ ਜਾਂ ਵਿਚਾਰ ਦੀ ਵਾਰਤਾ ਤੋਂ ਵੀ ਹੈ। ਸ਼ਬਦ ਜਾਂ ਸ਼ਬਦੀ ਬਿਰਤਾਂਤ ਤੋਂ ਭਾਵ ਕਿਸੇ ਵਿਸ਼ੇਸ਼ ਸ਼ਬਦ ਦੇ ਖਾਸ ਸੰਕੇਤ ਤੇ ਅਰਥ ਤੋਂ ਹੈ। ਪ੍ਰਸਿੱਧ ਗਲਪ ਸ਼ਾਸਤਰੀ ਡਾ. ਜੋਗਿੰਦਰ ਸਿੰਘ ਰਾਹੀ ਮੁਤਾਬਿਕ "ਹਰ ਬੋਲ-ਕਾਰਜ ਹੀ ਬਿਰਤਾਂਤ ਹੈ।"[3] ਹਰ ਬੋਲ ਵਿਚ ਕੋਈ ਵਿਚਾਰ ਤੇ ਅਰਥ ਹੁੰਦਾ ਹੈ। ਕੇਵਲ ਲੰਮੇਰੀ ਵਾਰਤਾ ਹੀ ਨਹੀਂ, ਸ਼ਬਦ ਵੀ ਬਿਰਤਾਂਤ ਹੋ ਸਕਦਾ ਹੈ। ਇਸ ਦੀ ਕੋਈ ਸਮਾਜਕ ਜਾਂ ਸਿਆਸੀ ਕੰਨੀ ਹੁੰਦੀ ਹੈ। ਅਜੋਕੇ ਦੌਰ ਵਿਚ ਬਿਰਤਾਂਤ ਦੀ ਵਰਤੋਂ ਕਾਫ਼ੀ ਵਸੀਹ ਹੋ ਗਈ ਹੈ। ਇਹ ਕੇਵਲ ਸਾਹਿਤਕ ਪਿੜ ਤਕ ਹੀ ਸੀਮਤ ਨਹੀਂ ਰਹੇ ਹਨ। ਸਮਾਜਕ ਤੇ ਸਿਆਸੀ ਪਿੜ ਵਿਚ ਵੀ ਬਿਰਤਾਂਤ ਸਿਰਜਣ ਦੀ ਯੋਜਨਾਬੰਦੀ ਹੈ। ਹਰ ਪਾਰਟੀ, ਗਰੁੱਪ, ਸੰਗਠਨ ਦੇ ਆਪੋ-ਆਪਣੇ ਸ਼ਬਦੀ ਪਰ ਵਿਚਾਰਧਾਰਾਈ ਬਿਰਤਾਂਤ ਹਨ। ਹਰੇਕ ਦੀ ਆਪੋ-ਆਪਣੀ ਬਿਰਤਾਂਤ ਨੀਤੀ ਹੈ। ਇਕ ਤਰ੍ਹਾਂ ਨਾਲ ਸਮਾਜ ਹਰ ਸਮੇਂ ਬਿਰਤਾਂਤ-ਯੁੱਧ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਹਰ ਜੰਗ ਸ਼ਬਦ ਜਾਂ ਸ਼ਬਦਾਂ ਤੋਂ ਹੀ ਸ਼ੁਰੂ ਹੁੰਦਾ ਹੈ। ਜੰਗ ਹਮੇਸ਼ਾਂ ਧਿਰਾਂ ਵਿਚ ਹੁੰਦਾ ਹੈ। ਹਰ ਲੜਾਈ ਸ਼ਬਦਾਂ ਦੇ ਮੁੱਢਲੇ ਸੰਚਾਰ ਮਾਡਲ 'ਤੇ ਅਧਾਰਿਤ ਹੁੰਦੀ ਹੈ। ਸ਼ਬਦ ਕਿਸੇ ਖਿਆਲ/ਵਿਚਾਰ/ਸਿਆਸਤ/ਉਦੇਸ਼ ਦਾ ਸੰਕਲਪੀ ਰੂਪ ਹੁੰਦੇ ਹਨ। ਇਹ ਸੰਕਲਪ ਵਿਸ਼ੇਸ਼ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ। ਵਿਚਾਰਧਾਰਾਵਾਂ ਅਕਸਰ ਹੀ ਧਿਰ-ਮੁਖੀ ਤੇ ਗੁੱਟ-ਮੁਖੀ ਹੁੰਦੀਆਂ ਹਨ। ਵੈਸੇ ਵੀ ਦੁਨੀਆਂ ਗੁੱਟਾਂ/ਗਰੁੱਪਾਂ ਵਿਚ ਵੰਡੀ ਹੋਈ ਹੈ। ਇਹ ਵੰਡ ਸਦਾ ਇਕ ਭੇੜ ਜਾਂ ਵਿਰੋਧ ਵਿਚ ਸਰਗਰਮ ਰਹਿੰਦੀ ਹੈ। ਜਮਾਤੀ ਤੇ ਵੰਨ-ਸੁਵੰਨੇ ਸਭਿਆਚਾਰਕ ਸਮਾਜ ਵਿਚ ਚੱਲਦੇ ਵਰਤਾਰਿਆਂ ਦਾ ਧਿਰ-



(ਪੰਨੇ 18-23)

**www.sanvad.org**

ISSN : 2395-1273

ਮੁਖੀ ਤੇ ਪੱਖ-ਪਾਤੀ ਹੋਣਾ ਸੁਭਾਵਿਕ ਹੈ। ਇਨ੍ਹਾਂ ਵਿਚ ਵਿਰੋਧ ਜਾਂ ਜੰਗ ਇਕ ਅਮੁੱਕ ਵਰਤਾਰਾ ਹੈ। ਅਜਿਹਾ ਆਦਿ ਕਾਲ ਤੋਂ ਸਦਾ ਚੱਲਦਾ ਆਇਆ ਹੈ ਤੇ ਚੱਲਦਾ ਰਹਿਣਾ ਹੈ।

ਸ਼ਬਦ-ਬਿਰਤਾਂਤ ਕਿਸੇ ਵੱਲੋਂ ਵੀ ਹੋਏ, ਇਸ ਦੀਆਂ ਆਪਣੀਆਂ ਵਿਸ਼ੇਸ਼ ਨੀਤੀਆਂ ਤੇ ਰਮਜ਼ਾਂ ਹੁੰਦੀਆਂ ਹਨ। ਸਾਹਿਤ ਦੇ ਖੇਤਰ ਵਿਚ ਜਦ ਅਸੀਂ ਕਿੱਸਾ, ਜੰਗਨਾਮਾ, ਵਾਰ, ਜਨਮਸਾਖੀ, ਕਵਿਤਾ, ਨਾਵਲ, ਕਹਾਣੀ ਵਗੈਰਾ ਸ਼ਬਦ ਬੋਲਦੇ ਹਾਂ ਤਾਂ ਇਨ੍ਹਾਂ ਸ਼ਬਦਾਂ ਪਿੱਛੇ ਸਾਹਿਤ ਦੀਆਂ ਰੂਪ-ਵਿਧਾਵਾਂ ਦੀ ਲੰਮੀ ਚੌੜੀ ਵਿਚਾਰਸ਼ੀਲ ਨੀਤੀ ਦਾ ਅਹਿਸਾਸ ਹੁੰਦਾ ਹੈ। ਇਨ੍ਹਾਂ ਸ਼ਬਦਾਂ ਰਾਹੀਂ ਰੂਪ-ਵਿਧਾ ਦੀ ਪੂਰੀ ਪਰਿਭਾਸ਼ਾ ਤੇ ਬਣਤਰ ਦੀ ਸਮਝ ਪੈਂਦੀ ਹੈ। ਇਸ ਕਰਕੇ ਅਜਿਹੇ ਨਾਮਕਰਣ ਜਾਂ ਸ਼ਬਦ ਤੋਂ ਹੀ ਅੱਗੇ ਵਿਧਾ ਦੀ ਪੂਰੀ ਸੰਭਾਵਨਾ ਤੇ ਸੀਮਾ ਨਜ਼ਰ ਆਉਣ ਲੱਗਦੀ ਹੈ।

ਸਾਡੇ ਸੰਸਾਰੀ ਬ੍ਰਹਮ ਵਿਚ ਹਰ ਸੰਕਲਪ ਜਾਂ ਸ਼ਬਦ ਦਾ ਜ਼ਰੂਰ ਹੀ ਕੋਈ ਕੋਨਾ ਹੁੰਦਾ ਹੈ। ਸਿੱਖ ਧਰਮ ਵਿਚ ਸ਼ਬਦ **ੴ** ਹੈ। ਇਹ ਸ਼ਬਦ ਨਵੇਂ ਧਰਮ ਦਾ ਮਹਾਂ-ਬਿਰਤਾਂਤ ਹੈ। ਇਹ ਨਵਾਂ ਫਲਸਫ਼ਾ ਹੈ। ਇਹ ਪਰੰਪਰਾ ਦੇ ਧਾਰਮਿਕ ਸ਼ਬਦ-ਬਿਰਤਾਂਤ ਤੋਂ ਵੱਖਰਾ ਵੀ ਹੈ ਤੇ ਨਿਆਰਾ ਵੀ। ਸ੍ਰਿਸ਼ਟੀ ਜਾਂ ਕੁਦਰਤ ਦੇ ਕਾਦਰ ਸਬੰਧੀ ਨਜ਼ਰੀਆ ਹੈ। ਇਹ ਬਹੁ-ਦੇਵਤਾਵਾਦ ਦੇ ਸਮਾਨਾਂਤਰ ਨਵੀਂ ਧਾਰਮਿਕ ਫਿਲਾਸਫ਼ੀ ਹੈ। ਕਿਉਂਕਿ, ਹਿੰਦੂ ਧਰਮ ਦੇ ਇਤਿਹਾਸ-ਮਿਥਿਹਾਸ ਵਿਚ ਸਮੁੱਚੇ ਬ੍ਰਹਮ ਪ੍ਰਤੀ ਬਹੁ-ਦੇਵਤਾਵਾਦ ਦੀ ਮਾਨਤਾ ਹੈ। ਪਰ **ੴ** ਇਕ ਸ਼ਬਦ ਹੋ ਕੇ ਵੀ ਇਕ ਨਿਵੇਕਲੇ ਫਲਸਫ਼ੇ ਦਾ ਮਹਾਂ-ਬਿਰਤਾਂਤ ਹੈ। ਇਹ ਸ਼ਬਦ ਸਿੱਖੀ ਦਾ ਆਦਿ-ਆਰੰਭ ਹੈ। ਫਿਰ ਇਸ ਆਰੰਭ ਤੋਂ ਹੀ ਅੱਗੇ ਸਿੱਖ ਫਲਸਫ਼ਾ ਵੱਖਰੀ ਤੇ ਨਵੀਂ ਜੀਵਨ-ਜਾਚ ਵਜੋਂ ਵਿਸਥਾਰ ਲੈਂਦਾ ਹੈ। ਇਸ ਤਰ੍ਹਾਂ ਕਈ ਵਾਰ ਸ਼ਬਦਾਂ ਦੇ ਰੂਪ ਦਾ ਆਕਾਰ ਭਾਵੇਂ ਛੋਟਾ ਹੁੰਦਾ ਹੈ ਪਰ ਅਰਥ ਵੱਡੇ ਹੁੰਦੇ ਹਨ। ਇਸੇ ਤਰ੍ਹਾਂ ਗੁਰਮੁਖ, ਮਨਮੁਖ ਤੇ ਸ਼ਹੀਦ ਵਗੈਰਾ ਕੇਵਲ ਸ਼ਬਦ ਹੀ ਨਹੀਂ ਹਨ, ਇਹ ਵਿਸ਼ੇਸ਼ ਜੀਵਨਧਾਰਾ ਦੇ ਵੱਡੇ ਸੰਕਲਪ ਵੀ ਹਨ। ਇਸੇ ਤਰ੍ਹਾਂ 'ਰਾਧਾ ਸੁਆਮੀ', 'ਨਿਰੰਕਾਰੀ', 'ਨਾਮਧਾਰੀ' ਤੇ 'ਡੇਰੇਦਾਰ' ਸ਼ਬਦ ਵੀ ਆਪਣੀ ਵਿਸ਼ੇਸ਼ ਕਿਸੇ ਨਿਵੇਕਲੀ ਹੋਂਦ ਤੇ ਵਿਚਾਰਧਾਰਾ ਦਾ ਪ੍ਰਗਟਾਵਾ ਹਨ। ਇਹ ਸ਼ਬਦੀ ਨਾਮਕਰਣ ਹਨ। ਇਨ੍ਹਾਂ ਨਾਵਾਂ ਪਿੱਛੇ ਵੱਖ-ਵੱਖ ਉਪ-ਸਮੁਦਾਇ ਦੀਆਂ ਸੋਚਾਂ ਦੇ ਤੌਰ-ਤਰੀਕਿਆਂ ਦੀ ਵੱਖਰੀ ਸੋਚ ਖੜ੍ਹੀ ਨਜ਼ਰ ਆਉਂਦੀ ਹੈ।

ਆਦਰਸ਼ਵਾਦ, ਯਥਾਰਥਵਾਦ, ਮਾਰਕਸਵਾਦ, ਆਧੁਨਿਕਤਾਵਾਦ, ਉਤਰ-ਆਧੁਨਿਕਤਾਵਾਦ, ਸੁਹਜਵਾਦ, ਪ੍ਰਯੋਗਵਾਦ, ਪ੍ਰਕਿਰਤੀਵਾਦ, ਰੁਮਾਂਸਵਾਦ, ਦੁਖਾਂਤ ਜਾਂ ਸੁਖਾਂਤ ਦੇ ਸ਼ਬਦੀ ਸੰਕਲਪਾਂ ਤੋਂ ਸਾਨੂੰ ਸਾਹਿਤ ਦੀ ਵਿਚਾਰਧਾਰਕ ਪ੍ਰਕਿਰਤੀ ਦੀ ਸੂਚਨਾ ਮਿਲਦੀ ਹੈ। ਜਦ ਕਿਸੇ ਸਾਹਿਤਕਾਰ ਨੂੰ ਅਸੀਂ ਉਪਰੋਕਤ ਸਿਰਲੇਖ ਨਾਲ ਜੋੜਦੇ ਹਾਂ ਤਾਂ ਸਾਨੂੰ ਉਸ ਰਚਨਾਕਾਰ ਦੀ ਵਿਸ਼ੇਸ਼ ਸਾਹਿਤਕ ਮੱਸ ਜਾਂ ਨੀਤੀ ਤੇ ਪੁਜੀਸ਼ਨ ਦਾ ਪਤਾ ਲੱਗਦਾ ਹੈ। ਸਾਹਿਤਕ ਵਿਚਾਰਧਾਰਾਵਾਂ ਦੇ ਨਾਮਕਰਣ ਜਾਂ ਸਿਰਲੇਖ ਹੀ ਉਸ ਅੰਦਰਲੇ ਖਮੀਰ ਦਾ ਪ੍ਰਗਟਾਵਾ ਹੁੰਦੇ ਹਨ। ਇਹ ਸਾਰੇ ਸਾਹਿਤਕ ਵਾਦ ਵੀ ਨਿਰਪੱਖ ਨਹੀਂ ਹਨ। ਇਨ੍ਹਾਂ ਦੀ ਵੀ ਆਪੋ-ਆਪਣੀ ਪੁਜ਼ੀਸਨ ਹੈ।

ਸਾਡੇ ਪੂਰਵ-ਮੱਧਕਾਲੀ ਮਹਾਂਕਾਵਿ 'ਰਾਮਾਇਣ ਤੇ ਮਹਾਂਭਾਰਤ' ਦੇ ਨਾਮ ਹੀ ਵਿਸ਼ੇਸ਼ ਬਿਰਤਾਂਤ ਹਨ। 'ਰਾਮਾਇਣ' ਤੋਂ ਭਾਵ ਰਾਮ ਕਥਾ ਹੈ। ਭਾਵ ਰਾਮ ਚੰਦਰ ਜੀ ਦੀ (ਉਸਤਿਤ) ਕਥਾ। ਰਾਮ, ਜੋ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਭਾਵ ਸ੍ਰਿਸ਼ਟੀ ਦੇ ਕਣ-ਕਣ ਵਿਚ ਵੱਸੇ ਰਾਮ ਦੀ ਕਥਾ। ਇਹ ਰਾਮ ਜੀ ਦੀ ਨੈਤਿਕ ਉੱਚਤਾ ਦਾ ਮਹਾਂ-ਬਿਰਤਾਂਤ ਹੈ। ਇਹ ਰਾਮ ਜੀ ਦੇ 'ਮਰਯਾਦਾ ਪ੍ਰਸ਼ੋਤਮ' ਹੋਣ ਦਾ ਬਿਰਤਾਂਤ ਹੈ। 'ਮਹਾਂਭਾਰਤ' ਤੋਂ ਭਾਵ ਸਾਰੇ ਭਾਰਤਵਰਸ਼ੀ ਰਾਜਿਆਂ ਦਾ ਯੁੱਧ ਹੈ। ਇਸ ਯੁੱਧ ਦੇ ਅਰਥ ਅੱਗੇ ਵਿਅੰਜਨਾ ਮੂਲਕ (ਬਹੁਅਰਥੀ) ਹਨ। ਮਹਾਂਭਾਰਤ ਦੇ ਰਚੇਤਾ ਵਿਆਸ ਨੇ ਦੁਨੀਆਂ ਵਿਚ ਫੈਲੀਆਂ ਸਭ ਕਥਾਵਾਂ, ਉਪ-ਕਥਾਵਾਂ ਅਤੇ ਬੰਦੇ ਦੀਆਂ ਪੁਜੀਸ਼ਨਾਂ ਤੇ ਦੁਬਿਧਾਵਾਂ ਨੂੰ ਇਸ ਮਹਾਂਕਾਵਿ ਵਿਚ ਸਮੋਇਆ ਹੈ। ਭਾਵ ਰਾਜਗੱਦੀ ਲਈ ਪੁੱਤਰ-ਮੋਹ ਅਤੇ ਅਸਲ ਹੱਕਦਾਰਾਂ ਵਿਚ ਲੜਾਈ। ਧਰਮ ਤੇ ਅਧਰਮ ਦਾ ਯੁੱਧ। ਨੈਤਿਕਤਾ ਤੇ ਅਨੈਤਿਕਤਾ ਦੀ ਟੱਕਰ। ਸਭਿਅਕ ਤੇ ਅਸਭਿਅਕ ਮੁੱਲਾਂ ਦਾ ਟਕਰਾ। ਦੇਵੀ-ਦੇਵਤਿਆਂ ਦੀ ਧਿਰ ਮੂਲਕ ਸ਼ਮੂਲੀਅਤ। ਰਾਜ ਪ੍ਰਤੀ ਨਿਸ਼ਚਾ ਤੇ ਰਾਜ ਅਧਿਕਾਰੀਆਂ ਦੇ ਵਿਚਲਣ ਦਾ ਦਵੰਦ। ਇਹ ਯੋਧਿਆਂ ਦੀ ਜਿਸਮਾਨੀ ਤੇ ਮਾਨਸਿਕ ਦੁਵਿਧਾ ਦਾ ਯੁੱਧ ਹੈ। ਠੀਕ ਤੇ ਸੁਹਿਰਦ ਸ਼ਖ਼ਸੀਅਤਾਂ ਦੇ ਗਲਤ ਪਾਸੇ ਖੜ੍ਹੇ ਹੋਣ ਦੀ ਦੋਸ਼ ਭਾਵਨਾ ਦਾ ਤਣਾਓ ਵੀ ਹੈ। ਭਾਵ ਹਰ ਬੰਦੇ ਅੰਦਰਲੇ ਚਲਣ-ਵਿਚਲਣ ਦਾ ਟਕਰਾ ਹੈ। ਇਸ ਵਿਚ ਜਿੱਤ-ਹਾਰ ਵਰਗੀ ਹੈ ਤੇ ਹਾਰ ਨਿਮੋਸ਼ੀ ਵਰਗੀ। ਹਰ ਚੀਜ਼ ਦੇ ਆਪਸੀ ਭੇੜ ਦਾ ਨਾਂ ਮਹਾਂਭਾਰਤ ਹੈ। ਅਰਥਾਤ ਹਰ ਚੀਜ਼ ਆਪਣੇ ਅਸਲੇ ਤੋਂ ਹਿੱਲੀ ਤੇ ਥਿੜਕੀ ਹੋਈ ਹੈ। ਇਸ ਕਰਕੇ "ਮਹਾਂਭਾਰਤ ਨੂੰ ਦੁਨੀਆਂ ਭਰ ਦੇ ਸਭ ਸੰਭਾਵੀ ਬਿਰਤਾਤਾਂ ਦਾ ਬੀਜ"[4] ਮੰਨਿਆਂ ਜਾਂਦਾ ਹੈ। 'ਮਹਾਂਭਾਰਤ' ਵਿਚ ਕ੍ਰਿਸ਼ਨ ਲੀਲਾ ਪ੍ਰਸ਼ੋਤਮ ਹੈ। ਅਰਥਾਤ ਉਹ ਸਾਰੀ ਲੀਲਾ ਦਾ ਸੂਤਰਧਾਰ ਵੀ ਹੈ ਤੇ ਕਾਰਜ-ਵਾਹਕ ਵੀ। ਇਹ ਮਰਿਯਾਦਾ ਭੰਜਕ ਨਾਇਕ ਹੈ।

ਸਾਹਿਤ ਦੇ ਨਾਲ-ਨਾਲ ਸਮਾਜਕ ਤੇ ਸਿਆਸੀ ਪਿੜ ਦੀਆਂ ਸ਼ਬਦੀ ਰਮਜ਼ਾਂ ਵੀ ਵੇਖਣਯੋਗ ਹਨ। ਵੋਟਰਾਂ ਜਾਂ ਜਨਤਾ ਨੂੰ ਸ਼ਬਦਾਂ ਰਾਹੀਂ ਭਾਵ-ਹੁਲਾਰੇ ਦਾ ਜੋਤਿਸ਼ ਦਿੱਤਾ ਜਾ ਰਿਹਾ ਹੈ। ਇਸ ਖੇਤਰ ਵਿਚ ਵਾਅਦੇ ਹਨ। ਨਾਹਰੇ ਹਨ। ਕਿਤੇ-ਕਿਤੇ ਲਲਕਾਰੇ ਵੀ ਹਨ। ਕਦੀ 'ਗਰੀਬੀ ਹਟਾਓ' ਦਾ ਬਿਰਤਾਂਤ ਸੀ। ਕਦੇ 'ਦੇਸ਼ ਬਚਾਓ' ਦਾ ਨਵਾਂ ਪੈਂਤੜਾ ਸੀ। ਇਸੇ ਤਰ੍ਹਾਂ ਹੀ ਕਿਤੇ 'ਦਲਿਤ', ਕਿਤੇ 'ਪੰਥ' ਤੇ ਕਿਤੇ ਸਮੁਦਾਇ ਅਤੇ ਕਦੀ 'ਖਿੱਤਾ' ਖ਼ਤਰੇ ਦੀਆਂ ਗੂੰਜਾਂ ਪੈਂਦੀਆਂ ਹਨ। ਵੀਹਵੀਂ ਸਦੀ ਦੇ ਸੱਤਰਵਿਆਂ ਵਿਚ ਮਾਰਕਸਵਾਦ, ਪ੍ਰਗਤੀਵਾਦ ਤੇ ਅਗਾਂਹਵਧੂ ਸਾਹਿਤਕਾਰੀ ਦੀ ਚੜ੍ਹਤ ਤੇ ਬੜਕ ਸੀ। ਇਸ ਦੇ ਸਮਾਨਾਂਤਰ ਸੱਤਾ ਦੀ ਸਿਆਸਤ ਵਿਚ 'ਗਰੀਬੀ ਹਟਾਓ' ਦਾ ਨਾਹਰਾ ਉਪਜਦਾ ਹੈ। ਇਹ ਸ਼ਬਦਾਂ ਦੀ ਜੰਗ ਹੈ। ਕਦੀ ਸਾਡੇ ਅਨਾਜ ਦੀ ਕਮੀ ਕਰਕੇ ਭੁੱਖਮਰੀ ਸੀ। ਇਸ ਨੂੰ ਦੂਰ ਕਰਨ ਲਈ ਹਰੀ ਕ੍ਰਾਂਤੀ ਦੀ ਜੁਗਤ ਸਾਹਮਣੇ ਆਈ। ਇਸ ਨੂੰ ਕਾਮਯਾਬ ਕਰਨ ਲਈ ਕਿਸਾਨ ਨੂੰ 'ਅੰਨ ਦਾਤਾ' ਦਾ ਲਕਬ ਦਿੱਤਾ ਗਿਆ। ਅਸੀਂ ਜਿਵੇਂ-ਕਿਵੇਂ ਅੰਨ/ਅਨਾਜ ਦਾ ਉਤਪਾਦਨ ਵਧਾਉਣ ਦੇ ਰਾਹ ਪੈ ਗਏ। ਇਸ ਰਾਹ 'ਤੇ ਚੱਲਦਿਆਂ ਵਾਤਾਵਰਣ ਤੇ ਕੁਦਰਤੀ ਸੋਮਿਆਂ ਦੀ ਬਲੀ ਦੇ ਦਿੱਤੀ ਗਈ। ਬਾਰਡਰ ਉੱਤੇ ਦੂਜੇ ਦੇਸ਼ਾਂ ਨਾਲ ਜੰਗਾਂ ਦੀ ਲੋੜ ਵਜੋਂ 'ਜੈ ਜਵਾਨ ਜੈ ਕਿਸਾਨ' ਦਾ ਨਾਹਰਾ ਦਿੱਤਾ ਗਿਆ। ਕਿਸਾਨ ਦੇ ਹਲ਼ ਚੱਲਣ ਵਿਚੋਂ ਉਤਪਾਦਕਤਾ ਹੁੰਦੀ ਹੈ। ਪਰ ਜਵਾਨ (ਫੌਜੀ) ਦੀ ਗੋਲ਼ੀ ਵਿਚੋਂ ਜ਼ਿੰਦਗੀ ਖਤਮ ਹੁੰਦੀ ਹੈ। ਇਹ ਨਾਹਰੇ ਵਿਸ਼ੇਸ਼ ਮਨਸ਼ਾ ਤੇ ਨੀਤੀ ਦੀ ਉਪਜ ਸਨ। ਜੰਗ ਹੋਵੇ ਹੀ ਕਿਉਂ? ਬਾਰਡਰ ਉੱਤੇ ਤਨਾਓ ਤੇ ਟਕਰਾਅ ਕਿਉਂ ਪੈਦਾ ਹੋਣ? ਤੁਰਨਾ ਤਾਂ ਸਾਨੂੰ ਅਮਨ ਵਾਲੇ ਪਾਸੇ ਚਾਹੀਦਾ ਸੀ। ਪਰ ਅਸੀਂ ਜੰਗ ਲਈ ਫੌਜੀਆਂ ਦਾ ਹੌਂਸਲਾ ਬੁਲੰਦ ਕਰਨ ਲੱਗੇ। ਅਸੀਂ ਸੁਲਾ ਜਾਂ ਮਿਲ ਬਹਿਣ ਦੀ ਥਾਂ ਲੜਾਈ ਦੇ ਰਾਹ ਪੈ ਗਏ। ਹਰੀ ਕ੍ਰਾਂਤੀ ਦੇ 'ਅੰਨਦਾਤਾ' ਨੂੰ 'ਵਾਤਾਵਰਣ' ਤੇ ਪਾਣੀ ਬਚਾਓ ਪ੍ਰਤੀ ਵੀ ਸਮੇਂ ਸਿਰ ਜਾਗ੍ਰਿਤ ਕਰਨਾ ਚਾਹੀਦਾ ਸੀ। ਅੱਜ ਵੱਧ ਅੰਨ ਪੈਦਾ ਕਰਨ ਵਾਲਾ ਖੁਮਾਰ ਸਵੈ-ਦੋਸ਼ ਬਣ ਗਿਆ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਜਿਨ੍ਹਾਂ ਬਹੁਤੇ ਰਾਜਾਂ ਵਿਚ ਹਰੀ ਕ੍ਰਾਂਤੀ ਨਹੀਂ ਆਈ, ਕੀ ਉਹ ਰਾਜ ਅੱਜ ਹਰੀ ਕ੍ਰਾਂਤੀ ਦੀ ਕੋਈ ਮੰਗ ਕਰ ਰਹੇ ਹਨ? ਇਹ ਬਰਬਾਦੀ ਵਾਲੀ ਜੁਗਤ ਪੰਜਾਬ ਦੇ ਮੱਥੇ ਹੀ ਕਿਉਂ ਖੁਣੀ ਗਈ? ਸਮੇਂ ਨਾਲ ਨਾਹਰਿਆਂ-ਲਲਕਾਰਿਆਂ ਦਾ ਕੱਚ-ਸੱਚ ਉਘੜਣ ਲੱਗਦਾ ਹੈ। ਸਾਡੇ ਲਈ 'ਦੇਸ਼ ਬਚਾਓ' ਦਾ ਜੰਗੀ ਨਾਹਰਾ ਭਾਵੁਕ ਪ੍ਰੇਰਣਾ ਹੈ। ਇਹ ਰਾਸ਼ਟਰੀ ਨਾਹਰਾ ਹੈ। ਅਕਸਰ ਹੀ ਸੱਤਾਧਾਰੀ ਲੋਕ ਹਕੀਕਤਾਂ ਤੋਂ ਧਿਆਨ ਪਾਸੇ ਕਰਨ ਲਈ ਕਈ ਵਕਤੀ ਬਿਰਤਾਂਤ ਸਿਰਜਦੇ ਹਨ। ਜਨਤਾ ਦਾ ਧਿਆਨ ਬਾਰਡਰ 'ਤੇ ਕੇਂਦਰਿਤ ਕੀਤਾ ਜਾਂਦਾ ਹੈ। ਹਾਕਮ ਹਮੇਸ਼ਾ ਆਪਣੇ ਹਿੱਤਾਂ ਮੁਤਾਬਿਕ ਮੋੜਾ ਦੇਣ ਦਾ ਬਿਰਤਾਂਤ ਸਿਰਜਦੇ ਹਨ। ਅੰਗਰੇਜ਼ ਵੀ ਕਦੀ ਆਪਣੇ ਰਾਜ ਨੂੰ ਭਾਰਤੀਆਂ ਦੇ ਭਲੇ ਹਿੱਤ ਪ੍ਰਚਾਰ ਰਹੇ ਸਨ। ਇਸ ਸਬੰਧੀ ਉਨ੍ਹਾਂ 'ਭਾਰਤੀਆਂ ਨੂੰ ਸਭਿਅਕ ਬਨਾਉਣ' ਦਾ ਬਿਰਤਾਂਤ ਸਿਰਜਿਆ ਸੀ।

ਕਈ ਵਾਰ ਇਕ ਦੂਜੇ ਵਿਰੁੱਧ ਨਿਖੇਧਾਤਮਿਕ ਬਿਰਤਾਂਤ ਵੀ ਉਸਰਦੇ ਹਨ। ਰੋਸ ਪ੍ਰਗਟਾਵਾ ਜਾਂ ਵਿਖਾਵਾ ਲੋਕਤੰਤਰੀ ਤੌਰ-ਤਰੀਕਿਆਂ ਦੀ ਬੁਨਿਆਦ ਹੈ। ਪਰ ਇਸ ਦੇ ਵਿਰੋਧ ਵਿਚ 'ਅੰਦਲੋਨ ਜੀਵੀ' ਤੇ 'ਅਰਬਨ ਨਕਸਲ' ਦੇ ਨਵੇਂ ਸ਼ਬਦੀ ਬਿਰਤਾਂਤ ਹਨ। 'ਅੰਦੋਲਨਕਾਰੀ' ਸ਼ਬਦ ਅੰਦੋਲਨ ਕਰਨ ਵਾਲਿਆਂ ਲਈ ਸਨਮਾਨਿਤ ਸੰਕਲਪ ਹੈ। ਪਰ ਇਸ ਦੇ ਉਲਟ 'ਅੰਦੋਲਨਜੀਵੀ' ਦੀ ਨਵੀਂ ਸ਼ਬਦ ਘਾੜਤ ਹੈ। ਭਾਵ 'ਅੰਦੋਲਨ ਕਰਨ ਵਾਲੇ ਜੀਵ'। ਅਜਿਹੇ ਜੀਵ ਕੇਵਲ ਅੰਦੋਲਨ ਹੀ ਕਰਦੇ ਹਨ। ਇਹ ਨਵੀਂ ਸ਼ਬਦ-ਸਿਰਜਣਾ ਹੈ। ਜਿੰਨ੍ਹਾਂ ਦੀ ਰੋਜ਼ੀ-ਰੋਟੀ ਅੰਦੋਲਨ ਤੋਂ ਚੱਲਦੀ ਹੈ। ਇਹ ਸਤਿਕਾਰਤ ਸ਼ਬਦ ਦੇ ਉਲਟ ਤ੍ਰਿਸਕਾਰ ਦੀ ਬਿਰਤਾਂਤ ਨੀਤੀ ਹੈ। 'ਨਕਸਲਵਾਦ' ਦੇ ਉਲਟ 'ਅਰਬਨ ਨਕਸਲਵਾਦ' ਵੀ ਵਿਸ਼ੇਸ਼ ਸ਼ਬਦ ਯੋਜਨਾ ਹੈ। 'ਨਕਸਲਵਾਦ' ਕਦੀ ਗੁਰੀਲਾ ਲੜਾਈ ਦੇ ਤੋਰ-ਤਰੀਕੇ ਨਾਲ ਜੁੜਿਆ ਸ਼ਬਦ ਸੀ। ਇਸ ਦੀਆਂ ਜੜ੍ਹਾਂ ਸੱਤਰਵਿਆਂ ਵਿਚ ਉੱਠੀ ਨਕਸਲਬਾੜੀ ਲਹਿਰ ਨਾਲ ਜੁੜਦੀਆਂ ਹਨ। ਪਰ ਅਜੋਕੇ ਦੌਰ ਵਿਚ ਵੱਡੇ ਸ਼ਹਿਰਾਂ ਦੇ ਚੌਂਕਾਂ ਜਾਂ ਸੜਕਾਂ 'ਤੇ ਬੈਠੇ ਧਰਨਾਕਾਰੀਆਂ ਤੇ ਬੁੱਧੀਜੀਵੀਆਂ ਨੂੰ 'ਅਰਬਨ ਨਕਸਲ' ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਜ਼ਿਆਦਾਤਰ ਬੁੱਧੀਜੀਵੀ (ਪ੍ਰੋਫੈਸਰ, ਵਕੀਲ, ਪੱਤਰਕਾਰ) ਸ਼ਹਿਰਾਂ ਦੀਆਂ ਯੂਨੀਵਰਸਿਟੀਆਂ, ਕਾਲਜਾਂ ਤੇ ਕਚਹਿਰੀਆਂ ਵਿਚੋਂ ਹਨ। ਇਨ੍ਹਾਂ ਲਈ ਸੰਬੋਧਨੀ ਸ਼ਬਦ 'ਅਰਬਨ ਨਕਸਲ' ਹੈ। ਇਕ ਖਾਸ ਧਿਰ ਲਈ ਇਹ ਅਜੋਕੇ ਨਕਸਲੀਏ ਹਨ, ਜੋ ਸਮਾਜ ਵਿਚ ਵਿਗਾੜ ਪੈਦਾ ਕਰ ਰਹੇ ਹਨ। ਸਾਡੇ ਕੋਲ 'ਵਿਸ਼ਵ ਗੁਰੂ' ਬਣਨ ਦਾ ਨਵਾਂ ਸੁਪਨਾ ਹੈ। 'ਹਿੰਦੋਸਤਾਨ' ਦੀ ਥਾਂ 'ਹਿੰਦੂਸਥਾਨ' ਦੀ ਮਹਾਨਤਾ ਤੇ ਵਿਸ਼ੇਸ਼ਤਾ ਦਾ ਸੰਕਲਪ ਵੀ ਹੈ। ਇਸ ਦੇ ਵਿਰੋਧ ਵਿਚ ਵੀ ਵੱਡੀਆਂ ਆਵਾਜ਼ਾਂ ਹਨ। ਅਜਿਹੀ ਆਵਾਜ਼ ਦੇ ਮਾਨਵੀਂ ਲਹਿਜ਼ੇ ਨੂੰ ਸੱਤਾ ਨਵੇਂ ਨਿਖੇਧਾਤਮਿਕ ਬਿਰਤਾਂਤ ਨਾਲ ਜੋੜ ਰਹੀ ਹੈ। ਇਹ ਸਿਆਸੀ ਕਿਸਮ ਦੇ ਸ਼ਬਦੀ-ਬਿਰਤਾਂਤ ਹਨ। ਇਨ੍ਹਾਂ ਦਾ ਵਿਸ਼ੇਸ਼ ਨਜ਼ਰੀਆ ਹੈ। ਨਜ਼ਰੀਏ ਤੇ ਪੁਜ਼ੀਸਨ ਦੀ ਲੜਾਈ ਲਈ ਆਪੋ-ਆਪਣੀਆਂ ਸ਼ਬਦ ਘਾੜਤਾਂ ਹਨ।


ISSN : 2395-1273

ਇਹ ਹੀ ਨਹੀਂ, ਵੱਖ-ਵੱਖ ਦੇਸ਼ਾਂ ਦੀਆਂ ਜੰਗਾਂ ਸਬੰਧੀ ਵੀ ਪਹਿਲਾਂ ਸ਼ਬਦ-ਜੰਗ ਹੀ ਚੱਲਦੀ ਹੈ। ਹੱਦਾਂ/ਸਰਹੱਦਾਂ ’ਤੇ ਲੜਾਈ ਤੋਂ ਪਹਿਲਾਂ ਇਕ-ਦੂਜੇ ਵਿਰੁੱਧ ਭੜਕਾਊ ਕਿਸਮ ਦਾ ਬੋਲ-ਬੁਲਾਰਾ ਆਰੰਭ ਹੋ ਜਾਂਦਾ ਹੈ। ਕ੍ਰਿਕਟ ਮੈਚ ਸ਼ੁਰੂ ਹੋਣ ਸਮੇਂ ਪਹਿਲਾਂ ਨਾਗਰਿਕਾਂ ਨੂੰ ਇਕ-ਦੂਜੇ ਵਿਰੁੱਧ ਸ਼ਬਦ-ਜਾਲ ਨਾਲ ਉਕਸਾਇਆ ਜਾਂਦਾ ਹੈ। ਲੜਾਈਆਂ ਸਮੇਂ ਸੈਨਿਕਾਂ ਦੀ ਬਹਾਦਰੀ ਦੇ ਵਾਰ-ਗਾਇਣ ਸ਼ੁਰੂ ਹੋ ਜਾਂਦੇ ਹਨ। ਆਪਣੇ ਮਕਸਦ ਲਈ ਪਹਿਲਾਂ ਲੋਕ-ਮਾਨਸਿਕਤਾ ਤਿਆਰ ਕੀਤੀ ਜਾਂਦੀ ਹੈ। ਹਰ ਸਿਆਸਤ ਤੇ ਵਿਚਾਰ ਦੀ ਬੁਣਤੀ ਪਹਿਲਾਂ ਸ਼ਬਦੀ-ਬਿਰਤਾਂਤ ਨਾਲ ਹੀ ਬੁਣੀ ਜਾਂਦੀ ਹੈ। ਕਹਿਣ ਤੋਂ ਭਾਵ ਸ਼ਬਦ-ਜੰਗ ਹੀ ਹਰ ਨੀਤੀ ਤੇ ਲੜਾਈ ਦਾ ਆਧਾਰ ’ਤੇ ਪ੍ਰੇਰਨਾ-ਸ੍ਰੋਤ ਬਣਦੀ ਹੈ। ਇਹ ਕਿਸੇ ਇਕ ਧਿਰ ਦਾ ਵਰਤਾਰਾ ਨਹੀਂ ਹੈ। ਇਹ ਸਭ ਸਿਆਸਤਾਂ ਤੇ ਸੱਤਾਧਾਰੀਆਂ ਦੀਆਂ ਲੋੜਾਂ ਦਾ ਕੁਦਰਤੀ ਤੇ ਆਮ ਸੁਭਾਅ ਬਣ ਗਿਆ ਹੈ। ਇਸ ਨਾਲ ਆਮ ਲੋਕਾਈ ਆਪਣੇ ਸੰਗਤੀ ਰੂਪ ਤੋਂ ਹਟ ਕੇ ਕਿਸੇ ਗਰੁੱਪ/ਧਿਰ ਦੀ ਭੀੜ ਦਾ ਰੂਪ ਧਾਰ ਜਾਂਦੀ ਹੈ। ਭੀੜ ਹਮੇਸ਼ਾਂ ਜ਼ੋਸੀਲੇ ਰੂਪ ਵਿਚ ਘ੍ਰਿਣਤ ਹੋ ਜਾਂਦੀ ਹੈ। ਪਰ ਲੋਕਾਂ ਦਾ ਸੰਗਤੀ ਰੂਪ ਹਮੇਸ਼ਾਂ ਮਾਨਵਤਾ/ਮਨੁੱਖਤਾ ਨਾਲ ਪ੍ਰਣਾਇਆ ਰਹਿੰਦਾ ਹੈ।

ਮੌਜੂਦਾ ਸਮੇਂ ਸ਼ਬਦੀ-ਬਿਰਤਾਂਤ ਵਧੇਰੇ ਹਮਲਾਵਰ ਤੇ ਤਿੱਖੇ ਹੋ ਰਹੇ ਹਨ। ਇੰਨ੍ਹਾਂ ਤੋ ਪ੍ਰਭਾਵਿਤ ਕਿਸੇ ਜਨ ਸਮੂਹ ਦਾ ਫਿਰਕੂ ਜਾਂ ਦੰਗਈ ਹੋ ਜਾਣਾ ਵੀ ਸੁਭਾਵਿਕ ਹੈ। ਉਂਜ਼ ਭਾਰਤ ਐਸਾ ਦੇਸ਼ ਹੈ ਕਿ ਇਥੇ ਸਿਰੇ ਦੀ ਤਾਨਾਸ਼ਾਹੀ ਤੇ ਹਮਲਾਵਰ ਰੁਖ਼ ਨੂੰ ਵੀ ਅਖ਼ੀਰ ਮਾਨਵੀਂ ਮੋੜਾ ਪੈ ਜਾਂਦਾ ਹੈ। ਇਹ ਸਾਡੀ ਸਮਾਜਕ ਤੇ ਸਭਿਆਚਾਰਕ ਮਹਾਨਤਾ ਹੈ। ਸਾਡੀ ਸਮਾਜਕ-ਸਥਿਤੀ ਹਮੇਸ਼ਾ ਤਣਾਓ ਤੋਂ ਟਕਰਾਓ ਤੇ ਫਿਰ ਸੁਲਝਾਓ ਦੇ ਤ੍ਰਿਵੈਣੀ ਰੁਖ ਮੁਤਾਬਿਕ ਰਹੀ ਹੈ। ਹਰ ਸਮਾਜ ਵਿਚ ਸਿਆਸਤਾਂ ਦੀ ਫ਼ਿਤਰਤ ਆਪਣੀ ਕਿਸਮ ਦੀ ਹੁੰਦੀ ਹੈ, ਜੋ ਅਕਸਰ ਛੋਟੇ ਜਾਂ ਵੱਡੇ ਰੂਪ ਵਿਚ ਆਪਣੇ ਰੰਗ ਉਭਾਰਦੀ ਵੀ ਰਹਿੰਦੀ ਹੈ ਤੇ ਵਟਾਉਂਦੀ ਵੀ। ਇਹ ਸਾਡੇ ਸਮਾਜ-ਇਤਿਹਾਸ ਦਾ ਆਮ ਵਤੀਰਾ ਹੈ।

ਸਾਹਿਤ ਰੂਪ ਜਿਵੇਂ ਸਾਹਿਤਕਤਾ ਦਾ ਮਾਧਿਅਮ ਹਨ, ਤਿਵੇਂ ਮੀਡੀਆ ਦਾ ਪ੍ਰਚਾਰ ਤੇ ਇਸ਼ਤਿਹਾਰਬਾਜ਼ੀ ਸਿਆਸਤਾਂ ਦਾ ਸ਼ਬਦੀ-ਬਿਰਤਾਂਤ ਹਨ। ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਏ ਨਾਲ ਜੁੜਣ ਲਈ ਅੱਖਰ-ਗਿਆਨ ਦੀ ਲੋੜ ਪੈਂਦੀ ਹੈ। ਇਸ ਕਰਕੇ ਅੱਖਰ ਨਾਲ ਜੁੜਣ-ਜੋੜਣ ਦਾ ਵੀ ਲੁਕਵਾਂ ਸੂਤਰ ਹੈ। ਕਿਉਂਕਿ ਅੱਖਰ ਗਿਆਨ ਤੋਂ ਜਾਣੂ ਲੋਕਾਂ ਨੂੰ ਹੀ ਅੱਖਰਾਂ ਜਾਂ ਸ਼ਬਦਾਂ ਦੀ ਸਿਆਸਤ ਨਾਲ ਬੰਨ੍ਹਿਆ ਜਾ ਸਕਦਾ ਹੈ।”[5] ਮੀਡੀਏ ਰਾਹੀਂ ਕਿਸੇ ਨੂੰ ‘ਅੱਤਵਾਦੀ’ ਤੇ ‘ਵੱਖਵਾਦੀ’ ਅਤੇ ਕਿਸੇ ਨੂੰ ਰਾਸ਼ਟਰਵਾਦੀ ਜਾਂ ਸ਼ਹੀਦ ਬਣਾਇਆ ਜਾ ਰਿਹਾ ਹੈ। ਇੱਕੀਵੀਂ ਸਦੀ ਵਿਚ ਟੀ.ਵੀ. ਚੈਨਲਾਂ ਤੇ ਅਖ਼ਬਾਰਾਂ ਦੀ ਗਿਣਤੀ ਬਹੁਤ ਵਧੀ ਹੈ। ਇਸ ਨਾਲ ਸੰਚਾਰ ਸਾਧਨਾ ਦੀ ਵਲਗਣ ਤਕੜੀ ਹੋਈ ਹੈ। ਸਾਡੀ ਬਿਰਤਾਂਤ ਯੋਜਨਾ ਵਿਚ ਵੰਨ-ਸੁਵੰਨਤਾ ਹੈ। ਕਿਤੇ ਸੱਜੇ-ਪੱਖੀ ਬਿਰਤਾਂਤ ਹਨ ਕਿਤੇ ਖੱਬੇ-ਪੱਖੀ। ਪਰ ਖੱਬੇ-ਸੱਜੇ ਦੀ ਸਾਂਝ ਦਾ ਬਿਰਤਾਂਤ ਗੁੰਮ ਹੈ। ਮਾਰਕਸੀ ਲਹਿਜੇ ਵਾਲਾ ਜਮਾਤੀ (ਖੱਬੇ-ਪੱਖੀ) ਬਿਰਤਾਂਤ ਪੰਜਾਬ ਦੇ ਸਮਾਜ-ਇਤਿਹਾਸ ਦੀ ਸਭਿਆਚਾਰਕ ਚਾਸ਼ਣੀ ਤੋਂ ਖ਼ਾਲੀ ਵੀ ਹੈ ਤੇ ਖੁਸ਼ਕ ਵੀ। ਇਹ ਇਸ ਦੀ ਪ੍ਰਵਾਨਗੀ ਲਈ ਵੰਗਾਰ ਹੈ। ਧਰਮ ਤੇ ਦਲਿਤ ਦੀ ਸਿਆਸਤ ਆਪਣੇ ਬਿਰਤਾਂਤ ਹਨ। ਹਰੇਕ ਦੇ ਨੀਤੀਗਤ ਮਾਧਿਅਮ ਆਪੋ-ਆਪਣੇ ਹਨ। ਇਨ੍ਹਾਂ ਸਭ ਦੀ ਸ਼ਬਦ-ਜੰਗ ਜ਼ਾਰੀ ਹੈ। ਅਜਿਹੇ ਬਿਰਤਾਂਤਾਂ ਦਾ ਸੁਭਾਅ ਅਕਸਰ ਹੀ ਇਕ ਪਾਸੜ ਹੁੰਦਾ ਹੈ। ਕਿਤੇ ਵਕਤੀ ਕਿਸਮ ਦੇ ਲੋਕ ਲੁਭਾਉਣੇ ਪਾਪੂਲਰ ਅਤੇ ਕਿਤੇ ਵਿਚਾਰਧਾਰਾਈ ਬਿਰਤਾਂਤ ਹਨ। ਇਹ ਸਮੇਂ ਦੇ ਮੌਸਮ ਮੁਤਾਬਿਕ ਚਮਕਦੇ ਹਨ। ਪਰ ਬਹੁਤੀ ਵਾਰ ਛੇਤੀ ਹੀ ਆਪਣਾ ਜਲੌਅ ਗਵਾ ਲੈਂਦੇ ਹਨ। ਜਮਾਤਾਂ, ਜਾਤਾਂ ਤੇ ਫਿਰਕਿਆਂ ਦੀ ਉਚ-ਨੀਚ ਵਿਚ ਵੰਡੇ ਸਮਾਜ ਵਿਚ ਜੰਗਾਂ ਤਾਂ ਜ਼ਾਰੀ ਰਹਿਣੀਆਂ ਹੀ ਹਨ। ਇਹ ਕੋਈ ਅਲੋਕਾਰ ਵਰਤਾਰਾ ਵੀ ਨਹੀਂ ਹੈ। ਅਜਿਹੀਆਂ ਜੰਗਾਂ ਅਕਸਰ ਹਰ ਸਮਾਜ ਦੀ ਹੋਣੀ ਰਹੀਆਂ ਹਨ।

ਸਾਹਿਤਕ ਬਿਰਤਾਂਤ ਆਮ ਕਰਕੇ ਮਾਨਵਤਾ ਪੱਖੀ ਹੁੰਦੇ ਹਨ। ਪਰ ਸਿਆਸਤ ਨੂੰ ਮਾਨਵਤਾ ਦੀ ਸਾਂਝ ਸਤਾਉਂਦੀ ਹੈ। ਇਸ ਕਰਕੇ ਸੱਤਾ ਅਜਿਹੇ ਸਾਹਿਤਕ ਬਿਰਤਾਂਤ ਨੂੰ ਕੱਟਦੀ-ਵੱਢਦੀ ਹੈ। ਸਿਆਸੀ-ਬਿਰਤਾਂਤ ਮੌਕੇ ਦੀ ਸਿਆਸਤ ਪ੍ਰਤੀ ਉਦੇਸ਼ ਮੁਖੀ ਹੁੰਦੇ ਹਨ। ਇੰਨ੍ਹਾਂ ਦਾ ਪੱਖਪਾਤੀ, ਵਕਤੀ ਤੇ ਇਕਹਿਰਾਪਨ ਹੀ ਸਮਾਜ ਦੇ ਬਖ਼ੇੜਿਆਂ ਦਾ ਮੁੱਖ ਕਾਰਣ ਹੈ। ਸਮਾਜਕ-ਸਿਆਸੀ ਬਿਰਤਾਂਤ ਲੋਕ ਮਾਨਸਿਕਤਾ ਨੂੰ ਆਪਣੀ ਕਿਸਮ ਦੇ ਲੁਭਾਉਣੇ ਦਿਸ਼ਾ-ਨਿਰਦੇਸ਼ ਦੇ ਰਹੇ ਸਨ। ਆਮ ਮਨੁੱਖ ਨੂੰ ਚਾਹੀਦਾ ਕੀ ਹੈ? ਜਿਊਣ ਲਈ ਦਾਲ-ਰੋਟੀ, ਜੋ ਸੱਤਾ ਵੱਲੋਂ ਤੁਹਾਡੇ ਦਰਾਂ ’ਤੇ ਫ੍ਰੀ ਵਿਚ ਹਾਜ਼ਰ ਹੈ। ਪੰਜਾਬੀਓ ਵੱਧ ਤੋਂ ਵੱਧ ਅੰਨ ਪੈਦਾ ਕਰੋ। ਫਿਰ ਇਸ ਦਾ ਮੁੱਲ ਲਵੋ। ਪਰ ਫ੍ਰੀ ਵਿਚ ਖਾਵੋ ਤੇ ਮੌਜ ਕਰੋ। ਇਹ ‘ਵੈਲਫੇਅਰ ਸਟੇਟ’ ਦਾ ਨਵਾਂ ਨੀਤੀਗਤ ਬਿਰਤਾਂਤ ਹੈ। ਪਹਿਲਾਂ ਐਨੇ ਕਰੋੜ ਨੂੰ ਆਟਾ-ਦਾਲ ਸੀ, ਹੁਣ ਵਧਾ ਕੇ ਐਨੇ-ਕਰੋੜ ਨੂੰ ਅਨਾਜ ਫ੍ਰੀ ਵਿਚ ਮਿਲੇਗਾ। ਕਿਤੇ ‘ਟਾਇਲਟ’ ਫ਼ਰੀ ਦੇ ਗੱਫ਼ੇ ਹਨ ਤੇ ‘ਗੈਸ

ਸਿਲੰਡਰ' ਦਾ ਰਿਆਇਤ ਭੁਗਤਾਨ। 'ਬੱਸ ਫ੍ਰੀ', 'ਬਿਜਲੀ ਫ੍ਰੀ' ਹੋਰ ਵਾਧੂ ਦਾ ਰੂੰਗਾਂ-ਝੂੰਗਾਂ ਹੈ। ਫ੍ਰੀਸ਼ਿਪ ਦਾ ਜਾਦੂ ਇਕ ਸਿਆਸੀ ਪਰ ਸ਼ਬਦੀ-ਜੁਗਤਬੰਦੀ ਵਜੋਂ ਸਿਰ ਚੜ੍ਹ ਬੋਲ ਰਿਹਾ ਸੀ। ਵੋਟਰ ਅਸਲੋਂ ਹੀ ਫ੍ਰੀਸ਼ਿਪ ਦੀ ਤੁਲਨਾ ਵਿਚ ਚੋਣ ਮੁਖੀ ਹੋ ਗਿਆ ਹੈ। ਇਹ ਵਿਕਾਸ ਦਾ ਨਵਾਂ ਬਿਰਤਾਂਤ ਹੈ। ਲੋਕ ਲੋਭ-ਲੁਭਾਉਣੇ ਕੀਤੇ ਜਾ ਰਹੇ ਹਨ। ਕਿਰਤ ਤੇ ਰੁਜ਼ਗਾਰ ਮਨਫ਼ੀ ਹੋ ਰਿਹਾ ਹੈ। ਪਰ ਫ੍ਰੀਸ਼ਿਪ ਰਾਹੀਂ ਗਰੀਬ ਨੂੰ ਗਰੀਬੀ ਤੋਂ ਡਰਨ ਦੀ ਲੋੜ ਨਹੀਂ ਦਾ ਨਵਾਂ ਮਾਨਸਿਕ ਆਸਰਾ ਦਿੱਤਾ ਜਾ ਰਿਹਾ ਹੈ। ਇਸ ਫ੍ਰੀਸ਼ਿਪ ਨੂੰ ਪੰਜਾਬੀ ਗਾਇਕੀ ਨੇ 'ਖਾਓ ਪੀਓ ਤੇ ਐਸ਼ ਕਰੋ ਮਿੱਤਰੋ' ਦੀ ਜੁਗਤ ਨਾਲ ਹੋਰ ਮੰਤਰ-ਮੁਗਧ ਕੀਤਾ ਹੋਇਆ ਹੈ। ਪੰਜਾਬੀ ਗਾਇਕੀ ਦੇ ਬਦਲਦੇ ਰੰਗ ਤੇ ਉਭਾਰ ਦੀਆਂ ਬਿਰਤਾਂਤਕ ਰਮਜ਼ਾਂ ਵੀ ਵੇਖਣ ਤੇ ਸਮਝਣ ਯੋਗ ਹਨ। ਇਸ ਵਰਤਾਰੇ ਨੇ ਗਰੀਬਾਂ ਨੂੰ ਗਰੀਬੀ ਬਾਰੇ ਸੋਚਣ ਤੋਂ ਦਰ-ਕਿਨਾਰ ਕੀਤਾ ਹੋਇਆ ਹੈ। ਅਜਿਹੀ ਬਿਰਤਾਂਤ ਯੋਜਨਾ ਨਾਲ ਸਾਡੀ ਉਤਪਾਦਕਤਾ ਕੀ ਹੋਵੇਗੀ? ਇਹ ਆਰਥਿਕ ਮਾਹਰਾਂ ਜਾਂ ਬੁੱਧੀਜੀਵੀਆਂ ਲਈ ਸੋਚਣ ਦਾ ਮਸਲਾ ਹੈ। ਪਰ ਅਜਿਹਿਆਂ ਨੂੰ ਹੁਣ ਪੁੱਛਦਾ ਕੌਣ ਹੈ? ਕਿਰਤ ਜਾਂ ਰੁਜ਼ਗਾਰ ਨਹੀਂ, ਤਾਂ ਫਿਰ ਕੀ ਹੋਇਆ? ਤੁਹਾਡੇ ਆਲੇ-ਦੁਆਲੇ ਮੁਫ਼ਤ ਦਾ ਬਾਜ਼ਾਰ ਹੈ। ਅਸੀਂ ਵਿਕਾਸ ਦੇ ਅਸਲੋਂ ਹੀ ਹਲਕੇ ਮਾਡਲ ਵਿਚੋਂ ਲੰਘ ਰਹੇ ਹਾਂ।

ਪੰਜਾਬੀਆਂ ਦੀ ਮਨੋਸਥਿਤੀ ਨਾਬਰੀ ਦੀ ਹੈ। ਇਹ ਸੱਤਾ ਜਾਂ ਹਕੂਮਤ ਵਿਰੋਧੀ ਹੈ। ਇਸ ਕਰਕੇ ਸਥਾਨਕ ਸਿਆਸਤ ਕੇਂਦਰ ਦੀਆਂ ਸਰਕਾਰਾਂ ਨੂੰ ਓਪਰਾ, ਬੇਗਾਨਾ ਤੇ ਗੈਰ ਹੋਣ ਦਾ ਵਿਸ਼ਵਾਸ਼ ਦਿੰਦੀ ਹੈ। ਸਾਡੀ ਲੋਕਲ ਸਿਆਸਤ ਪੰਜਾਬੀਆਂ ਦੀ ਮਨੋਸਥਿਤੀ ਨੂੰ ਇਕ ਢਾਲ ਜਾਂ ਮੋਰਚੇ ਵਜੋਂ ਵਰਤਦੀ ਹੈ। ਅਜਿਹਾ ਵਰਤੋਂ-ਵਰਤਾਅ ਵਕਤੀ ਤੇ ਸਸਤੀ ਸ਼ੋਹਰਤ ਵਜੋਂ ਹੀ ਹੈ। ਅਜਿਹੇ ਸਸਤੇਪਣ ਨਾਲ ਨੁਕਸਾਨ ਤਾਂ ਹੋਣਾ ਹੀ ਸੀ। ਅਸੀਂ ਪੰਜਾਬ ਵਿਚ ਰੁੱਸ-ਰਸੇਵੇ ਦੇ ਇਕਹਰੇ ਵੇਗ ਦੀ ਤੋਰੇ-ਤੁਰਦੇ ਰਹੇ ਹਾਂ। ਇਥੇ ਬੌਧਿਕ ਤੇ ਤਰਕਸ਼ੀਲ ਸੰਵਾਦ ਦੀ ਬੈਠਕ ਬੈਠਣ ਦੇ ਮੌਕੇ ਗੈਰ ਹਾਜ਼ਰ ਰਹੇ ਹਨ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸ੍ਰ. ਪ੍ਰਤਾਪ ਸਿੰਘ ਕੈਰੋਂ ਨੇ ਆਪਣੀ ਸ਼ਖ਼ਸੀਅਤ ਦੇ ਪ੍ਰਭਾਵੀ ਤੇ ਮਿਲਵਰਤਨੀ ਵਤੀਰੇ ਨਾਲ ਪੰਜਾਬ ਨੂੰ ਵੱਡੇ ਵਿਕਾਸ ਦੇ ਰਾਹ ਤੋਰਿਆ ਸੀ। ਇਹ ਰਾਹ ਪਿਛਲੇ ਪੰਜ ਦਹਾਕਿਆਂ ਤੋਂ ਰੁਕਿਆ ਹੋਇਆ ਹੈ। ਕਿਉਂਕਿ ਸਾਡੀ ਮੌਜੂਦਾ ਖੇਤਰੀ ਸਿਆਸਤ ਨੇ ਕੇਂਦਰ ਵਿਰੋਧੀ ਮੁਹਾਰਨੀ ਦਾ ਇਕੋ-ਇਕ ਤੇ ਇਕਹਿਰੀ ਨੀਤੀ ਅਪਣਾਈ ਹੋਈ ਹੈ। ਅਜਿਹੇ ਰਾਹ ਵਿਚ ਕੋਈ ਸਿਆਸੀ ਲੋਕ-ਪ੍ਰਿਯਤਾ ਤਾਂ ਹੋ ਸਕਦੀ ਹੈ, ਪਰ ਇਹ ਰਾਹ ਹਮੇਸ਼ਾ ਲਈ ਪੰਜਾਬ ਵਾਸਤੇ ਕਾਰਗਰ ਨਹੀਂ ਹੈ। ਇਸ ਦੇ ਸਿੱਟੇ ਵਜੋਂ ਪੰਜਾਬ ਕਈ ਦਹਾਕਿਆਂ ਤੋਂ ਇਕੋ ਥਾਂ ਖੜ੍ਹਾ ਨਜ਼ਰ ਆਉਂਦਾ ਹੈ। ਹੁਣ 'ਰੰਗਲੇ ਪੰਜਾਬ' ਦਾ ਬਿਰਤਾਂਤ ਹੈ। ਪੰਜਾਬ ਦੀਆਂ ਦਿਨੋਂ-ਦਿਨ ਸਮੱਸਿਆਵਾਂ ਹੋਰ ਗੁੰਝਲਦਾਰ ਤੇ ਵਿਕਰਾਲ ਰੂਪ ਧਾਰਨ ਕਰ ਰਹੀਆਂ ਹਨ। ਅਜੋਕਾ ਯੁੱਗ ਸੰਵਾਦ ਦਾ ਹੈ। ਭਾਵ ਦੇਣ-ਲੈਣ ਦੇ ਮਿਲਵਰਤੀ ਵਤੀਰੇ ਦਾ ਹੈ। ਇਹ ਸਮਾਂ ਸਮਝਣ-ਸਮਝਾਉਣ ਦਾ ਹੈ। ਸਮਾਂ ਕੁਝ ਲੈ ਕੇ ਅੱਗੇ ਫਿਰ ਕੁਝ ਹੋਰ ਮੰਗਣ ਦਾ ਹੈ। ਮੰਗਣ ਤੇ ਹਾਸਿਲ ਕਰਨ ਦੀ ਨਿਰੰਤਰ ਇਕ ਲੰਮੀ ਪ੍ਰਕ੍ਰਿਆ ਹੁੰਦੀ ਹੈ। ਇਹ ਕਿਵੇਂ ਵੀ ਬੰਦ ਨਹੀਂ ਹੋਣੀ ਚਾਹੀਦੀ। ਕੇਂਦਰ ਵਿਰੁੱਧ ਸਦਾ ਵਿਰੋਧ ਦੀ ਬਹੁਕਰ ਖੜ੍ਹੀ ਰੱਖਣ ਵਿਚ ਕੋਈ ਭਲਾਈ ਜਾਂ ਚਤਰਾਈ ਨਹੀਂ ਹੈ। ਪਰ ਸਥਾਨਕ ਸੱਤਾ ਤੇ ਸਿਆਸਤ ਦੀ ਆਪਣੀ ਤਾਸ਼ ਹੁੰਦੀ ਹੈ, ਜੋ ਆਪੋ-ਆਪਣੀਆਂ ਚਾਲਾਂ ਦੇ ਪੱਤੇ ਚਲਾਉਂਦੀ ਹੈ।

ਸ਼ਬਦੀ ਬਿਰਤਾਂਤ ਜਾਂ ਖਿਆਲ ਕਿਸੇ ਵਿਸ਼ੇਸ਼ ਨੀਅਤ ਤੇ ਨੀਤੀ ਦੀ ਉਪਜ ਹੁੰਦੇ ਹਨ। ਜਿਵੇਂ 'ਪੰਜਾਬ ਵਿਚ ਕੁਝ ਨਹੀਂ ਰਿਹਾ ਹੈ'। 'ਪੰਜਾਬ ਮਰ ਰਿਹਾ ਹੈ।' 'ਇਥੋਂ ਦੌੜ ਜਾਣਾ ਹੀ ਠੀਕ ਹੈ।' 'ਪੰਜਾਬ ਨੇ ਹੁਣ ਠੀਕ ਹੀ ਨਹੀਂ ਹੋਣਾ।' ਇਸ ਕਰਕੇ ਵਿਦੇਸ਼ ਜਾਓ ਤੇ ਡਾਲਰ-ਪੌਂਡ ਕਮਾਓ। ਪਰ ਸੱਤਾ ਜਾਂ ਹਕੂਮਤਾਂ ਦੇ ਹਾਕਮਾਂ ਤੋਂ ਕੁਝ ਨਾ ਮੰਗੋ। ਨਾ ਹੀ ਕੋਈ ਆਸ ਰੱਖੋ। ਇਸ ਦੇ ਸਿੱਟੇ ਵਜੋਂ ਸਾਡੀ ਨੌਜਵਾਨੀ ਆਈਲੈਟਸ ਦੇ ਰਾਹ ਪਈ ਹੋਈ ਹੈ। ਇਹ ਜਿਵੇਂ-ਕਿਵੇਂ ਬਾਹਰ ਭੱਜਣ ਦੀ ਦੌੜ ਵਿਚ ਹੈ। ਇਹ ਪੰਜਾਬ ਵਿਚੋਂ ਵਿਸ਼ਵਾਸ਼ ਤੋੜਣ ਜਾਂ 'ਮੋਹ ਭੰਗ' ਕਰਨ ਦਾ ਬਿਰਤਾਂਤ ਹੈ। ਇਸ ਵਿਚੋਂ ਹੀ 'ਪਰਵਾਸ' ਜਾਂ 'ਪਲਾਇਣ' ਦਾ ਰਾਹ ਉਪਜਦਾ ਹੈ। ਨਸ਼ੇ ਦਾ ਪ੍ਰਕੋਪ ਤੇ ਗੈਂਗਸਟਰੀ ਖੌਫ਼ ਉਪਰੋਕਤ ਬਿਰਤਾਂਤ ਲਈ ਵੱਖਰਾ ਗੁਲੂਕੋਜ਼ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਕਿਹੜੇ ਸਮਾਜ ਵਿਚ ਸਮੱਸਿਆਵਾਂ ਨਹੀਂ ਹਨ। ਸਮੱਸਿਆਵਾਂ ਬੰਦੇ ਦੀ ਹੋਣੀ ਹਨ। ਇੰਨ੍ਹਾਂ ਪ੍ਰਤੀ ਬੌਧਿਕ ਹੱਲ ਤੇ ਸੰਘਰਸ਼ ਵਿਚ ਹੀ ਬੰਦੇ ਦੀ ਆਨ-ਸ਼ਾਨ ਹੈ। ਕੀ ਅਸੀਂ ਸਮੱਸਿਆਵਾਂ ਤੋਂ ਡਰ ਕੇ ਭੱਜਣਾ ਹੈ ਜਾਂ ਇੰਨ੍ਹਾਂ ਦਾ ਹੱਲ ਕੱਢਣਾ ਹੈ? ਅਸੀਂ ਖਲੋਣਾ ਕਿਥੇ ਹੈ? ਮਸਲਾ ਤਾਂ ਸਾਡੀ ਪੁਜੀਸ਼ਨ ਦਾ ਹੈ। ਪੰਜਾਬ ਦਾ ਇਤਿਹਾਸ ਸੰਕਟ ਵਿਚ ਡਿੱਗਣ ਤੇ ਫਿਰ ਇਸ ਵਿਚੋਂ ਉੱਠਣ ਦਾ ਹੈ। ਸਮਾਜ ਦੇ ਚੱਲਦੇ ਵਹਿਣ ਵਿਚ 'ਰਾਮ' ਤੇ 'ਰਾਵਣ' ਦੀ ਧਾਰਾ ਸਦਾ ਚੱਲਦੀ ਰਹਿਣੀ ਹੈ। 'ਰਾਮ ਰਾਜ' ਕਿਤੇ ਵੀ ਨਹੀਂ ਹੈ। ਸਭ ਲੁਭਾਉਂਣੇ ਸੁਪਨੇ ਤੇ ਜੋਤਿਸ਼ ਹਨ। ਨੇਕੀ ਤੇ ਬਦੀ ਦੀ ਜੰਗ ਰਹਿਣੀ ਹੀ ਹੈ। ਲੋੜਵੰਦਾਂ ਤੇ ਜ਼ੋਰਾਵਰਾਂ ਵਿਚ ਵਿਰੋਧ ਤਾਂ ਚੱਲਣਾ ਹੀ ਹੈ। ਲੋੜ ਭੱਜਣ ਨਾਲੋਂ ਆਪੋ-ਆਪਣੇ ਖਿੱਤੇ ਦਾ ਪਿੜ, ਪਿੰਡ ਤੇ ਪਿੰਡਾ ਸੰਵਾਰਨ ਦੀ ਹੈ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾ। ਪੰਜਾਬ ਵਿਚ ਬਹੁਤ ਕੁਝ ਹੈ। ਲੋੜ ਇਸ ਬਹੁਤ-

ਕੁਝ ਨੂੰ ਨਵੀਂ ਵਿਉਂਤ-ਬੰਦੀ ਨਾਲ ਸਾਂਭਣ ਤੇ ਸੰਵਾਰਨ ਦੀ ਹੈ। ਸਾਡੀਆਂ ਬਹੁਤੀਆਂ ਸਮੱਸਿਆਵਾਂ ਸਵੈ-ਸਿਰਜਤ ਹਨ। ਧਰਤੀ ਹੇਠਲੇ ਪਾਣੀ ਅਤੇ ਵਾਤਾਵਰਣ ਦਾ ਸੰਕਟ ਕਿਸਨੇ ਪੈਦਾ ਕੀਤਾ ਹੈ? ਅਜੋਕੇ ਤਬਾਹੀ ਵਾਲੇ ਫਸਲੀ ਚੱਕਰ ਲਈ ਕੌਣ ਜਿੰਮੇਵਾਰ ਹੈ? ਇਸ ਨੂੰ ਨਵਾਂ ਰੂਪ ਕਿਸਨੇ ਦੇਣਾ ਹੈ? ਲੋੜ ਤਾਂ ਸਹੀ ਤੇ ਸਿੱਧੇ ਰਾਹ ਤੁਰਨ ਦੀ ਹੈ। ਜ਼ਰੂਰਤ ਵੱਡੇ ਚਿੰਤਨ-ਮੰਥਨ ਦੀ ਹੈ। ਵੱਡਾ ਮਹੱਤਵ ਤਾਂ ਸਮੱਸਿਆਵਾਂ ਪ੍ਰਤੀ ਜਾਗ੍ਰਿਤ ਹੋਣ ਵਿਚ ਹੈ। ਲੋਕ-ਜਾਗ੍ਰਤੀ ਦੇ ਸੰਗਤੀ ਉਪਰਾਲੇ ਤਾਂ ਜੰਗਲ ਵਿਚ ਮੰਗਲ ਲਾ ਲੈਂਦੇ ਹਨ। ਇਹ ਉਪਰਾਲੇ ਹੀ ਸਮਾਜ ਦੇ ਵਿਕਾਸ ਦਾ ਮਾਰਗ-ਦਰਸ਼ਨ ਹਨ। ਉਂਝ ਵੀ ਜਿਸ ਕੌਮ ਕੋਲ ਗਾਉਣ ਤੇ ਰੋਣ ਦੀਆਂ ਉੱਚੀਆਂ ਹੇਕਾਂ ਦਾ ਚੱਜ-ਆਚਾਰ ਹੋਵੇ, ਉਹ ਦੁੱਖ ਤੇ ਸੰਤਾਪ ਵਿਚੋਂ ਛੇਤੀ ਬਾਹਰ ਆ ਜਾਂਦੀ ਹੈ। ਅਜਿਹੀ ਕੌਮ ’ਤੇ ਖੇੜਾ ਆਉਂਦਿਆਂ ਬਹੁਤੀ ਦੇਰ ਨਹੀਂ ਲੱਗਦੀ ਹੈ। ਪੰਜਾਬੀਆਂ ਕੋਲ ਇਹ ਦੋਵੇਂ ਗੁਣ ਬਾ-ਕਮਾਲ ਹਨ। ਸ਼ਾਇਦ ਇਨ੍ਹਾਂ ਗੁਣਾਂ ਕਰਕੇ ਹੀ ਪੰਜਾਬ ਵੱਡੇ-ਵੱਡੇ ਦੁਖਦ ਵਰਤਾਰਿਆਂ ਨਾਲ ਨਿਪਟਦਾ ਰਿਹਾ ਹੈ। ਇਸ ਕਰਕੇ ਲੋੜ ਤਾਂ ਸਮੱਸਿਆਵਾਂ ਨਾਲ ਸਿੱਧੇ ਮੱਥੇ ਟੱਕਰਣ ਦੀ ਹੈ।

ਸਾਹਿਤ ਦੀ ਸੁਰ ਅਕਸਰ ਮਾਨਵੀਂ ਵੀ ਹੁੰਦੀ ਹੈ ਤੇ ਮਜ਼ਲੂਮ ਧਿਰਾਂ ਦੀ ਆਵਾਜ਼ ਵੀ। ਪਰ ਸਿਆਸਤਾਂ ਦੇ ਬਿਰਤਾਂਤ ਅਕਸਰ ਸੱਤਾਮੁਖੀ ਹੁੰਦੇ ਹਨ। ਸਿਆਸਤ ਦੀਆਂ ਆਪਣੀਆਂ ਲੋੜਾਂ ਤੇ ਗਰਜਾਂ ਹਨ। ਸਾਹਿਤ ਜਿਥੇ ਮਾਨਵਤਾ ਤੇ ਸਾਂਝੀਵਾਲਤਾ ਨੂੰ ਪਾਲਦਾ ਹੈ, ਉਥੇ ਸਿਆਸਤ ਅਜਿਹੇ ਕੁਝ ਦੀ ਬਲੀ ਚੜ੍ਹਾ ਦਿੰਦੀ ਹੈ। ਭਾਰਤੀ ਲੋਕ-ਮਨ ਹਮੇਸ਼ਾਂ ਹੀ ਧਾਰਮਿਕ ਤੇ ਸਭਿਆਚਾਰਕ ਮਨੋਭਾਵਾਂ ਨਾਲ ਲਬਰੇਜ਼ ਰਿਹਾ ਹੈ। ਅਸੀਂ ਭਾਵਾਂ ਦੀ ਉਠਾਣ ਵਿਚ ਉੱਠਦੇ ਹਾਂ। ਸਾਡੀ ਮਨੋ-ਸਥਿਤੀ ਵਿਚ ਹਮੇਸ਼ਾਂ ਹੀ ਭਾਵ-ਪ੍ਰੇਰਣਾ ਦੀ ਡੋਰ ਨਾਲ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਅਜਿਹੀ ਮਾਨਸਿਕਤਾ ਨੂੰ ਵਕਤ ਤੇ ਸਿਆਸੀ ਬਿਰਤਾਂਤ ਦੇ ਤੁਨਕੇ ਅਕਸਰ ਹੀ ਵਧੇਰੇ ਟੁੰਬਦੇ ਹਨ। ਇਸ ਨਾਲ ਸਾਹਿਤਕ ਸੰਦੇਸ਼ ਮੱਧਮ ਤੇ ਕਮਜ਼ੋਰ ਪੈ ਜਾਂਦੇ ਹਨ।

ਸਾਹਿਤ ਕੋਲ ਆਪਣੀ ਸੁਹਜਾਤਮਿਕ ਰਮਜ਼ ਤੇ ਪਾਇਦਾਰੀ ਹੈ। ਪਾਇਦਾਰ ਸਾਹਿਤ ਕੱਲ ਵੀ ਜ਼ਿੰਦਾ ਸੀ ਤੇ ਅੱਜ ਵੀ ਹੈ। ਇਹ ਆਉਣ ਵਾਲੇ ਸਮੇਂ ਵਿਚ ਵੀ ਜ਼ਿੰਦਾ ਰਹਿਣਾ ਹੈ। ਸਾਹਿਤ ਬੀਤੇ ਤੋਂ ਪ੍ਰੇਰਣਾ ਲੈਂਦਾ ਹੈ। ਪਰ ਸਿਆਸਤ ਜਾਂ ਸੱਤਾ ਇਕ-ਦੂਜੇ ਨੂੰ ਰੋਂਦ ਕੇ ਲੰਘਦੀ ਹੈ। ਹਰ ਸਿਆਸਤ ਦਾ ਆਪਣਾ ਨਾਹਰਾ ਜਾਂ ਵਾਅਦਾ ਜੋਤਿਸ਼ ਹੁੰਦਾ ਹੈ। ਸਾਹਿਤ ਤੇ ਸਿਆਸਤ ਦੋਵਾਂ ਦੇ ਨਿਸ਼ਾਨੇ ਤੇ ਨੀਤੀ ਵਿਚ ਢੇਰ ਅੰਤਰਾਲ ਰਹਿੰਦਾ ਹੈ।

ਸਿਆਸਤਾਂ ਤੇ ਸੱਤਾ ਕੋਲ ਸਾਧਨਾਂ ਦਾ ਰਾਜਤੰਤਰ ਹੈ। ਇਸ ਦੇ ਸਿਰ ’ਤੇ ਜਕੜ੍ਹ ਤੇ ਪਕੜ੍ਹ ਹੈ। ਇਸ ਦੀ ਆਪਣੀ ਸੀਮਾ, ਲੋੜ ਤੇ ਖ਼ਸਲਤ ਹੈ। ਸਾਹਿਤ ਜਾਂ ਸਾਹਿਤਕਾਰਾਂ ਦਾ ਆਪਣੀ ਲੋਕਾਈ ਤੋਂ ਸੱਚੇ ਤੇ ਸੁਰਖ਼ਰੂ ਰਹਿਣ ਦਾ ਆਪਣਾ ਆਤਮ ਵਿਸ਼ਵਾਸ਼ ਹੈ। ਇਹ ਭੇੜ ਚੱਲਦਾ ਰਹਿਣਾ ਹੈ। ਹੁਣ ਇਸ ਜੰਗ ਦੇ ਮੈਦਾਨ ਵਿਚ ਨਵੀਂ-ਨਵੀਂ ਮਸਨੂਈ ਤਕਨੀਕ ‘ਅਰਟੀਫੀਸ਼ੀਅਲ ਇੰਟਲੈਜੈਂਸੀ’ ਅਤੇ ‘ਆਰਟੀਫੀਸ਼ੀਅਲ ਜਨਰਲ ਇੰਟਲੈਜੈਂਸੀ’ ਕੁੱਦ ਪਈ ਹੈ। ਇਹ ਤਕਨੀਕਾਂ ਜਿਥੇ ਸਾਹਿਤ ਸਿਰਜਣਾ ਲਈ ਵੀ ਵਰਤੀਆਂ ਜਾਣਗੀਆਂ, ਉਥੇ ਸਿਆਸਤਾਂ ਦੇ ਸਿਆਸੀ ਬਣਤਰਾਂ ਤੇ ਬੁਣਤਰਾਂ ਲਈ ਵੀ ਮਦਦਗਾਰ ਹੋਣਗੀਆਂ। ਅਜਿਹੀ ਸਥਿਤੀ ਵਿਚ ਮੁਹਾਰਤ ਦੇ ਮਾਹਿਰਾਂ ਦੀ ਥਾਂ ਤਕਨੀਕੀ ਰਿਬੋਟਾਂ ਨੇ ਲੈ ਲੈਣੀ ਹੈ। ਵਧੇਰੇ ਵਿਚਾਰਧਾਰਾਈ ਤੇ ਮੈਦਾਨੀ ਜੰਗਾਂ ਕਮਰਿਆਂ ਜਾਂ ਦਫ਼ਤਰਾਂ ਵਿਚ ਬੈਠਿਆਂ ਹੀ ਮਸਨੂਈ ਤੇ ਮਸ਼ੀਨੀ ਬੌਧਿਕ ਤਕਨੀਕ ਨਾਲ ਕੰਟਰੋਲ ਕੀਤੀਆਂ ਜਾ ਰਹੀਆਂ ਹਨ। ਉਤਪਾਦਕ ਵਸਤਾਂ, ਸਾਹਿਤ ਤੇ ਸਿਆਸਤਾਂ ਦੇ ਖਾਨੇ ਤੇ ਖਾਕੇ ਅਜਿਹੀ ਤਕਨੀਕ ਰਾਹੀਂ ਤਿਆਰ ਹੋ ਰਹੇ ਹਨ। ਹੁਣ ਸਮੁੱਚਾ ਸਮਾਜ ਵਧੇਰੇ ਤਕਨੀਕ ਦੇ ਅਤੀ ਵਿਕਸਤ ਮਾਧਿਅਮ ਦੀ ਮਾਰ ਹੇਠ ਆ ਰਿਹਾ ਹੈ। ਇਹ ਤਕਨੀਕ ਕਿਸੇ ਇਕ ਦੀ ਇਜਾਰੇਦਾਰੀ ਵੀ ਨਹੀਂ ਹੈ। ਇਸ ਨੂੰ ਸਾਰੇ ਹੀ ਆਪੋ-ਆਪਣੀ ਨੀਤੀ, ਸੀਮਾ ਤੇ ਸੰਭਾਵਨਾ ਮੁਤਾਬਿਕ ਵਰਤ ਰਹੇ ਹਨ। ਪਰ ਇਹ ਗੱਲ ਸਪੱਸ਼ਟ ਹੈ ਕਿ ਇਸ ਨਾਲ ਬਿਰਤਾਂਤ ਦੀ ਸ਼ਬਦੀ ਜੰਗ ਹੋਰ ਵਧੇਰੇ ਸੂਖ਼ਮ, ਗੁੰਝਲਦਾਰ ਤੇ ਧਿਰਮੁਖੀ ਹੁੰਦੀ ਜਾ ਰਹੀ ਹੈ।

## ਹਵਾਲੇ ਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਨੈਸ਼ਨਲ ਬੁਕਸ਼ਾਪ, 1990, ਪੰਨਾ 1114
2. ਡਾ. ਟੀ.ਆਰ. ਵਿਨੋਦ, **ਨਾਵਲ ਆਲੋਚਨਾ ਸ਼ਬਦਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰ. 61
3. **ਜੋਤ-ਜੁਗਤ ਕੀ ਬਾਰਤਾ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ 2005, ਪੰਨਾ 9
4. **ਉਹੀ**, ਪੰਨਾ 11
5. ਸੇਵਕ ਸਿੰਘ, **ਸ਼ਬਦ ਜੰਗ**, ਬਿਬੇਕਗੜ੍ਹ ਪ੍ਰਕਾਸ਼ਕ, ਆਨੰਦਪੁਰ ਸਾਹਿਬ, 2024, ਪੰਨਾ 23


◈